# Joint Statement

**Hon Natalie Hutchins MP**
Minister for Government Services
Minister for Treaty and First Peoples
Minister for Prevention of Family Violence
Minister for Women

**Ngarra Murray**
Co-Chair of the
First Peoples' Assembly of Victoria

**Rueben Berg**
Co-Chair of the
First Peoples' Assembly of Victoria

Monday, 13 October 2025

Link: https://www.treatyvictoria.vic.gov.au/negotiations-finalised-victorias-treaty-9-september-2025

# ਵਿਕਟੋਰੀਆ ਦੀ ਸੰਧੀ ਲਈ ਗੱਲਬਾਤ ਨੂੰ ਅੰਤਿਮ ਰੂਪ | 9 ਸਤੰਬਰ 2025

ਵਿਕਟੋਰੀਆ ਦੀ ਦਹਾਕੇ-ਲੰਬੀ ਚੱਲੀ ਸੰਧੀ ਪ੍ਰਕਿਰਿਆ ਵਿੱਚ ਇੱਕ ਵੱਡਾ ਮੀਲ ਪੱਥਰ ਵਿਕਟੋਰੀਆ ਸਰਕਾਰ ਅਤੇ 'ਫਸਟ ਪੀਪਲਜ਼ ਅਸੈਂਬਲੀ ਆਫ਼ ਵਿਕਟੋਰੀਆ' ਵੱਲੋਂ ਆਸਟ੍ਰੇਲੀਆ ਦੀ ਪਹਿਲੀ ਸੰਧੀ 'ਤੇ ਸਿਧਾਂਤਕ ਸਹਿਮਤੀ ਹਾਸਲ ਕਰਨ ਨਾਲ ਪ੍ਰਾਪਤ ਹੋਇਆ ਹੈ।

ਇਹ ਪਹਿਲਾ 'ਰਾਜ-ਪੱਧਰੀ ਸੰਧੀ ਸਮਝੌਤਾ' (Statewide Treaty Agreement) ਵਿਕਟੋਰੀਆ ਸਰਕਾਰ ਅਤੇ 'ਫਸਟ ਪੀਪਲਜ਼ ਅਸੈਂਬਲੀ ਆਫ਼ ਵਿਕਟੋਰੀਆ' ਨੂੰ ਇਕੱਠਾ ਕਰਦਾ ਹੈ ਤਾਂ ਜੋ ਸਤਿਕਾਰ, ਵਿਸ਼ਵਾਸ ਅਤੇ ਇਮਾਨਦਾਰੀ 'ਤੇ ਆਧਾਰਿਤ ਨਵੇਂ ਰਿਸ਼ਤੇ ਦੀ ਨੀਂਹ ਰੱਖੀ ਜਾ ਸਕੇ। ਇਹ ਸਾਡੇ ਅਤੀਤ ਨੂੰ ਸਵੀਕਾਰ ਕਰਦਾ ਹੈ ਅਤੇ ਸਾਰੇ ਵਿਕਟੋਰੀਆ ਵਾਸੀਆਂ ਲਈ ਇਕੱਠੇ ਅੱਗੇ ਵੱਧਣ ਦਾ ਮੌਕਾ ਪ੍ਰਦਾਨ ਕਰਦਾ ਹੈ।
ਸਰਕਾਰ ਅੱਜ ਵਿਕਟੋਰੀਆ ਦੀ ਸੰਸਦ ਵਿੱਚ ਰਾਜ-ਪੱਧਰੀ ਸੰਧੀ ਬਿੱਲ ਪੇਸ਼ ਕਰੇਗੀ। ਇਹ ਰਾਜ-ਪੱਧਰੀ ਸੰਧੀ ਬਿੱਲ 'ਫਸਟ ਪੀਪਲਜ਼ ਅਸੈਂਬਲੀ ਆਫ਼ ਵਿਕਟੋਰੀਆ' ਨੂੰ ਸਥਾਈ ਸੰਸਥਾ ਬਣਾਉਣ ਅਤੇ ਵਿਕਟੋਰੀਆ ਦੇ ਫਸਟ ਪੀਪਲਜ਼ ਲਈ ਬਿਹਤਰ ਨਤੀਜੇ ਪ੍ਰਦਾਨ ਕਰਨ ਲਈ ਆਪਣੀਆਂ ਜ਼ਿੰਮੇਵਾਰੀਆਂ ਵਧਾਉਣ ਦਾ ਪ੍ਰਸਤਾਵ ਰੱਖਦਾ ਹੈ।
ਸੰਸਦ ਦੁਆਰਾ ਇਸ ਬਿੱਲ ਦੇ ਪਾਸ ਕੀਤੇ ਜਾਣ ਤੋਂ ਬਾਅਦ, ਗੱਲਬਾਤ ਰਾਹੀਂ ਤਿਆਰ ਕੀਤੇ ਗਏ ਸੰਧੀ ਸਮਝੌਤੇ 'ਤੇ ਦੋਵਾਂ ਧਿਰਾਂ ਦੁਆਰਾ ਦਸਤਖ਼ਤ ਕੀਤੇ ਜਾਣਗੇ।
ਨੀਤੀਆਂ ਅਤੇ ਪ੍ਰੋਗਰਾਮ ਸਭ ਤੋਂ ਵਧੀਆ ਤਰੀਕੇ ਨਾਲ ਤਦ ਹੀ ਕੰਮ ਕਰਦੇ ਹਨ ਜਦੋਂ ਉਨ੍ਹਾਂ ਨਾਲ ਪ੍ਰਭਾਵਿਤ ਲੋਕ ਇਹ ਤੈਅ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹਨ ਕਿ ਉਹ ਕਿਵੇਂ ਲਾਗੂ ਕੀਤੇ ਜਾਣ — ਇਸੇ ਲਈ ਇਹ ਬਿੱਲ ਫਸਟ ਪੀਪਲਜ਼ ਨੂੰ ਪ੍ਰਭਾਵਿਤ ਕਰਨ ਵਾਲੀਆਂ ਪਹਿਲਕਦਮੀਆਂ ਅਤੇ ਸੇਵਾਵਾਂ ਬਾਰੇ ਫ਼ੈਸਲਾ ਲੈਣ ਦੀ ਤਾਕਤ ਫਸਟ ਪੀਪਲਜ਼ ਅਸੈਂਬਲੀ ਦੇ ਹੱਥਾਂ ਵਿੱਚ ਦੇਣ ਦਾ ਪ੍ਰਸਤਾਵ ਰੱਖਦਾ ਹੈ।
ਇਸ ਬਿੱਲ ਪ੍ਰਸਤਾਵ ਕਰਦਾ ਹੈ ਕਿ ਵਿਸਤਾਰ ਕੀਤੀ ਗਈ ਅਸੈਂਬਲੀ:

- ਦੀ ਅਗਵਾਈ ਫਸਟ ਪੀਪਲਜ਼ ਦੀ ਨੁਮਾਇੰਦਗੀ ਕਰਨ ਵਾਲੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਮੈਂਬਰਾਂ ਦੁਆਰਾ ਕੀਤੀ ਜਾਵੇ
- ਉਨ੍ਹਾਂ ਖ਼ਾਸ ਮਸਲਿਆਂ 'ਤੇ ਫ਼ੈਸਲੇ ਕਰੇ ਅਤੇ ਨਿਯਮ ਬਣਾਏ, ਜੋ ਸਿੱਧੇ ਤੌਰ 'ਤੇ ਫਸਟ ਪੀਪਲਜ਼ ਨੂੰ ਪ੍ਰਭਾਵਿਤ ਕਰਦੇ ਹਨ
- ਇੱਕ ਖ਼ੁਦਮੁਖ਼ਤਿਆਰ ਜਵਾਬਦੇਹੀ ਵਿਧੀ ਬਣਾਏ, ਜਿਵੇਂ ਕਿ 'ਪਾੜੇ ਨੂੰ ਖ਼ਤਮ ਕਰਨ ਲਈ ਰਾਸ਼ਟਰੀ ਸਮਝੌਤੇ' (National Agreement to Close the Gap) ਅਨੁਸਾਰ ਲਾਜ਼ਮੀ ਹੈ
- ਨਾਲ ਸਰਕਾਰੀ ਵਿਭਾਗਾਂ ਵੱਲੋਂ ਫਸਟ ਪੀਪਲਜ਼ ਨੂੰ ਪ੍ਰਭਾਵਿਤ ਕਰਨ ਵਾਲੇ ਕਾਨੂੰਨਾਂ ਅਤੇ ਨੀਤੀਆਂ 'ਤੇ ਸਲਾਹ-ਮਸ਼ਵਰਾ ਕੀਤਾ ਜਾਵੇ
- ਵਿਕਟੋਰੀਆ ਦੇ ਸ਼ਹਿਰਾਂ ਅਤੇ ਖੇਤਰਾਂ ਵਿੱਚ ਚਲੰਤ ਸੱਚਾਈ-ਦੱਸਣ ਅਤੇ ਇਸਤੋਂ ਉੱਭਰਨ ਦੀ ਪ੍ਰਕਿਰਿਆ ਦੀ ਅਗਵਾਈ ਕਰੇ, ਜਿਸ ਵਿੱਚ ਕਹਾਣੀਆਂ ਦਰਜ ਕਰਨਾ ਅਤੇ ਇਸ ਜਾਣਕਾਰੀ ਦਾ ਰਿਕਾਰਡ ਸੁਰੱਖਿਅਤ ਰੱਖਣਾ ਸ਼ਾਮਲ ਹੋਵੇ, ਤਾਂ ਜੋ ਇਸਨੂੰ ਸਮੁੱਚੇ ਲੋਕਾਂ ਨੂੰ ਸਿੱਖਿਅਕ ਕਰਨ ਲਈ ਵਰਤਿਆ ਜਾ ਸਕੇ
- ਮੌਜੂਦਾ ਰਾਖਵੀਆਂ ਫਸਟ ਪੀਪਲਜ਼ ਸੀਟਾਂ ਲਈ ਕੁੱਝ ਕਾਨੂੰਨੀ ਨਿਯੁਕਤੀਆਂ ਕਰੇ, ਜਿਵੇਂ ਕਿ ਵਿਕਟੋਰੀਆ ਦੀ ਵਿਰਾਸਤ ਕੌਂਸਲ (Heritage Council of Victoria) ਵਿੱਚ ਫਸਟ ਪੀਪਲਜ਼ ਦੀ ਨਿਯੁਕਤੀ
- ਐਬੋਰਿਜ਼ਨਲ ਕਮਿਊਨਿਟੀ ਇੰਫ੍ਰਾਸਟ੍ਰਕਚਰ ਫੰਡ, ਵਿਕਟੋਰੀਅਨ ਐਬੋਰਿਜ਼ਨਲ ਆਨਰ ਰੋਲ ਅਤੇ NAIDOC ਵੀਕ ਦੀ ਅਗਵਾਈ ਕਰੇ
- ਇਸ ਖੇਤਰ ਵਿੱਚ ਲੀਡਰਸ਼ਿਪ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਇੱਕ ਫਸਟ ਪੀਪਲਜ਼ ਇੰਸਟੀਚਿਊਟ ਸਥਾਪਿਤ ਕਰੇ।

ਵਿਕਟੋਰੀਆ ਵਿੱਚ, ਅਸੀਂ ਲਗਭਗ ਇੱਕ ਦਹਾਕੇ ਤੋਂ ਸੱਚਾਈ ਅਤੇ ਸੰਧੀ (Truth and Treaty) ਲਈ ਇੱਕ ਲੰਬੇ ਅਤੇ ਸਥਿਰ ਰਸਤੇ 'ਤੇ ਚੱਲ ਰਹੇ ਹਾਂ। ਅਸੀਂ ਦੋ ਵਾਰ ਕਾਨੂੰਨ ਪਾਸ ਕੀਤੇ ਹਨ, ਨੀਤੀਆਂ ਵਿਕਸਤ ਕੀਤੀਆਂ ਹਨ, ਅਤੇ ਸਰਕਾਰ ਭਰ ਵਿੱਚ ਵਚਨਬੱਧਤਾਵਾਂ ਕੀਤੀਆਂ ਹਨ।

ਅਸੀਂ ਸੰਧੀ ਲਈ ਮਜ਼ਬੂਤ ਨੀਂਹ ਰੱਖਣ ਲਈ ਲੋੜੀਂਦਾ ਸਮਾਂ ਲਿਆ ਹੈ, ਅਤੇ ਇਹ ਬਿੱਲ ਇਸ ਯਾਤਰਾ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਨੂੰ ਦਰਸਾਉਂਦਾ ਹੈ।